ਸਤਿਗੁਰਾਂ ਦੀਆਂ ਦਾਤਾਂ

(ਸੰਪਾਦਕ: ਅਨੰਤ ਪ੍ਰਵਾਹ ਟ੍ਰੱਸਟ ਯੂ.ਕੇ.)

ਪ੍ਰਮਾਤਮਾ ਦੀ ਸ਼ਕਤੀ ਤੇ ਵਿਸ਼ਵਾਸ ਰੱਖਣ ਵਾਲੇ ਆਸਤਕ ਪਰਿਵਾਰ ਵਿੱਚ ਜਨਮ ਲੈਣ ਦੇ ਸਮੇਂ ਤੋਂ ਹੀ ਮਨੁੱਖ ਦੇ ਮਨ ਵਿੱਚ ਕਿਸੇ ਨਾ ਕਿਸੇ ਧਰਮ ਵਿੱਚ ਬਣੇ ਵਿਸ਼ਵਾਸ ਵਾਲੇ ਦੇਵੀ ਦੇਵਤੇ ਅਥਵਾ ਇਸ਼ਟ ਦੀ ਮਿਹਰ ਨਾਲ ਮਿਲਦੇ ਪਦਾਰਥਾਂ ਦਾ ਵਿਸ਼ਵਾਸ ਬਣਨਾ ਆਰੰਭ ਹੋ ਜਾਂਦਾ ਹੈ। ਏਹੀ ਹਾਲਤ ਗੁਰੂ ਦੇ ਸਿੱਖ ਦੀ ਵੀ ਹੈ। ਬਚਪਨ ਤੋਂ ਹੀ ਵਿਸ਼ਵਾਸ ਬਣਨਾ ਆਰੰਭ ਹੋ ਜਾਂਦਾ ਹੈ ਕਿ ਗੁਰੂ ਮਹਾਰਾਜ ਦੀ ਕਿਰਪਾ ਨਾਲ ਦੁਨਿਆਵੀ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਕਿਸੇ ਇੱਕ ਵੀ ਧਾਰਮਿਕ ਸਮਾਗਮ ਦੀ ਸਮਾਪਤੀ ਦੀ ਅਰਦਾਸ ਵਿੱਚ ਸੰਗਤ ਵੱਲੋਂ ਗੁਰੂ ਮਹਾਰਾਜ ਦਾ ਇਹ ਧੰਨਵਾਦ ਹੁੰਦਾ ਕਦੇ ਨਹੀਂ ਸੁਣਿਆ ਕਿ ਗੁਰੂ ਗ੍ਰੰਥ ਸਾਹਿਬ ਧੰਨ ਹਨ ਜਿੰਨ੍ਹਾਂ ਦੀ ਬਾਣੀ ਨੇ ਪ੍ਰਮਾਤਮਾ ਦੀ ਸੋਝੀ ਬਖਸ਼ੀ ਹੈ, ਅਥਵਾ ਉੱਚਾ ਆਤਮਿਕ ਜੀਵਨ ਬਣਾ ਲੈਣ ਦਾ ਗਿਆਨ ਬਖਸ਼ਿਆ ਹੈ। ਕਿਸੇ ਵਿਰਲੇ ਗੁਰਮੁਖ ਨੂੰ ਛੱਡ ਕੇ ਸਾਰੇ ਨਿੱਤ ਦੇ ਕੀਤੇ ਪਾਠ, ਗੁਰੂ ਘਰ ਦੀ ਹਾਜ਼ਰੀ, ਦਾਨ ਪੁੰਨ ਆਦਿ ਧਰਮ ਕਰਮ ਕਰਨ ਵਾਲੇ ਸਾਰੇ ਦੇ ਸਾਰੇ ਉੱਦਮ ਕੋਈ ਨਾ ਕੋਈ ਲਾਭ ਲੈ ਸਕਣ ਦੀ ਲਾਲਸਾ ਨਾਲ ਜੁੜੇ ਹੁੰਦੇ ਹਨ।

ਲਗਾਤਾਰ ਸੈਂਕੜੇ ਸਾਲਾਂ ਤੋਂ ਅਜਿਹਾ ਕੁਝ ਵਾਪਰਦਾ ਵੇਖ ਸੁਣ ਕੇ ਸਾਡੇ ਅੰਦਰ ਗੁਰੂ ਮਹਾਰਾਜ ਕੋਲੋਂ ਮਾਇਕ ਲਾਭ ਪ੍ਰਾਪਤ ਕਰਨ ਦੇ ਗੂੜ੍ਹੇ ਸੰਸਕਾਰ ਬਣ ਗਏ ਹਨ। ਬ੍ਰਾਹਮਣ ਨੇ ਮਨੁੱਖ ਨੂੰ ਜਿਸ ਪ੍ਰਕਾਰ ਦਾ ਭਰਮ ਪਾ ਕੇ ਮਨੁੱਖ ਨੂੰ ਦੇਵੀ ਦੇਵਤਿਆਂ ਨਾਲ ਜੋੜਿਆ ਸੀ, ਅੱਜ ਗੁਰੂ ਪ੍ਰਤੀ ਸ਼ਰਧਾ ਦੀ ਸਾਡੀ ਹਾਲਤ ਵੀ ਉਹੀ ਬਣ ਚੁੱਕੀ ਹੈ। ਜੇ ਕੋਈ ਵਿਦਵਾਨ ਸਾਨੂੰ ਇਹ ਸਿੱਖਿਆ ਦੇਵੇ ਕਿ ਮਨੁੱਖਾ ਸਰੀਰ ਵਾਲਾ ਕੋਈ ਅਵਤਾਰ, ਗੁਰੂ, ਸਾਧ ਸੰਤ, ਮਹਾਂਪੁਰਖ ਆਦਿ ਜੀਵਾਂ ਦਾ ਦਾਤਾ ਨਹੀਂ ਹੋ ਸਕਦਾ ਤਾਂ ਅਜਿਹੀ ਸਿੱਖਿਆ ਸਾਨੂੰ ਜ਼ਰਾ ਵੀ ਚੰਗੀ ਨਹੀਂ ਲੱਗਦੀ। ਸਤਿਗੁਰੂ ਜੀ ਪ੍ਰਤੀ ਅਥਵਾ ਕਿਸੇ ਸਾਧ ਸੰਤ ਦੀ ਵਡਿਆਈ ਦਾ ਨਾਪ ਸਾਡੇ ਲਈ ਏਹੀ ਹੈ ਕਿ ਉਸਦੇ ਕਹੇ ਬਚਨ ਸੱਚੇ ਹੋ ਜਾਂਦੇ ਹਨ ਜਾਂ ਨਹੀਂ ਅਥਵਾ ਪਦਾਰਥਾਂ ਦੀ ਬਖਸ਼ਿਸ਼ ਕਰਨ ਦੀ ਕਰਾਮਾਤੀ ਸ਼ਕਤੀ ਵਾਲਾ ਹੈ ਕਿ ਨਹੀਂ। ਸਾਰਿਆਂ ਧਰਮ ਅਸਥਾਨਾਂ ਪ੍ਰਤੀ ਸਾਡੀ ਸ਼ਰਧਾ ਸੰਸਾਰੀ ਲੋੜਾਂ ਦੀ ਪੂਰਤੀ ਹੋਣ 'ਤੇ ਆਧਾਰਤ ਹੈ।

ਅਸੀਂ ਗੁਰਮਤਿ ਦੇ ਇਸ ਪੱਕੇ ਸਿਧਾਂਤ ਨੂੰ ਕਿ, ਦਾਤਾਂ ਦੇਣ ਵਾਲਾ ਦਾਤਾ ਕੇਵਲ ਇੱਕ ਅਕਾਲ ਪੁਰਖ ਹੀ ਹੈ ਜਿਹੜਾ ਆਪਣੇ ਪੱਕੇ ਅਤੇ ਬੱਝੇ ਸਿਧਾਂਤ ਨਾਲ ਸਾਰੇ ਜੀਆਂ ਨੂੰ ਦਾਤਾਂ ਦੇਈ ਜਾ ਰਿਹਾ ਹੈ, ਨੂੰ ਠੀਕ ਨਾ ਸਮਝ ਕੇ ਮਾਇਕ ਪਦਾਰਥਾਂ ਦੇ ਮੰਗਣ ਵਾਲੀ ਧਾਰਨਾ ਠੀਕ ਸਮਝਦੇ ਹਾਂ। ਗੁਰਮਤਿ ਵਿਰੋਧੀ ਇਸ ਧਾਰਨਾ ਨਾਲ ਸਿੱਖ ਨੂੰ ਜੋੜੀ ਰੱਖਣ ਦੀ ਜ਼ਿੰਮੇਵਾਰੀ, ਮਾਇਆ ਦੇ ਲਾਲਚੀ, ਉਨ੍ਹਾਂ ਧਰਮ ਪ੍ਰਚਾਰਕਾਂ ਤੇ ਹੈ ਜੋ ਇਹ ਦਲੀਲਾਂ ਦਿੰਦੇ ਹਨ।

ਸਾਡਾ ਗੁਰੂ ਮਨੁੱਖਾ ਸਰੀਰ ਨਹੀਂ ਹੈ ਸਗੋਂ ਨਿਰਅਕਾਰ ਸ਼ਬਦ ਅਥਵਾ ਧੁਰੋਂ ਆਈ ਬਾਣੀ ਹੈ ਜਿਸਨੂੰ ਸਤਿਗੁਰਾਂ ਨੇ ਨਿਰੰਕਾਰ ਕਿਹਾ ਹੈ। ਇਸੇ ਲਈ ਸਿੱਖ ਪੰਥ ਦਾ ਗੁਰੂ ਸਦਾ ਤੋਂ ਚਾਰੇ ਪਦਾਰਥ ਦਿੰਦਾ ਆ ਰਿਹਾ ਹੈ ਅਤੇ ਹੁਣ ਵੀ ਸਾਰੇ ਪਦਾਰਥ ਉਹੀ ਬਖਸ਼ਦਾ ਹੈ। ਆਪਣੀ ਇਸ ਦਲੀਲ ਦੀ ਪੁਸ਼ਟੀ ਵਿੱਚ ਅੱਗੇ ਲਿਖਿਆ ਗੁਰੂ ਸ਼ਬਦ ਸੁਣਾਉਂਦੇ ਹਨ:

– ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥
ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ॥
ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ॥
ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ॥
ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰਿ ਦੇਇ॥
ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ॥ (ਪ੧੫)

ਇਸ ਸ਼ਬਦ ਦੇ ਅਸਲ ਭਾਵ ਨੂੰ ਸਮਝਣ ਵਿੱਚ ਭੁੱਲ ਕਰਦੇ ਹਾਂ। ਜਿਥੋਂ ਤੱਕ ਪ੍ਰਮਾਤਮਾ ਦੇ ਲੜ ਲਾ ਕੇ ਜਨਮ ਮਰਨ ਸੁਆਰ ਦੇਣ ਦੀ ਗੱਲ ਹੈ ਓਸ ਪੱਖੋਂ ਸਾਡਾ ਗੁਰੂ ਸਾਡੇ ਵਾਸਤੇ ਪ੍ਰਮਾਤਮਾ ਦਾ ਹੀ ਰੂਪ ਹੈ ਪਰ ਦੁਨਿਆਵੀ ਕਾਰਜਾਂ ਦੀ ਸਿੱਧੀ ਵਾਲੀ ਭਾਵਨਾ ਨਾਲ ਅਸੀਂ ਗੁਰਬਾਣੀ ਨੂੰ ਹੀ ਨਿਰੰਕਾਰ ਸਮਝ ਲੈਣ ਦਾ ਟਪਲਾ ਖਾ ਰਹੇ ਹਾਂ। ਇਸੇ ਭੁੱਲ ਕਾਰਨ ਗੁਰਮਤਿ ਦੇ ਸਿਧਾਂਤ ਨੂੰ ਵਿਗਾੜਨ ਦਾ ਪਾਪ ਕਰਦੇ ਹਾਂ। ਪ੍ਰੋ: ਸਾਹਿਬ ਸਿੰਘ ਜੀ ਨੇ ਇਸ ਸਲੋਕ ਦੇ ਅਰਥ ਲਿਖਦਿਆਂ ਗੁਰਬਾਣੀ ਨੂੰ ਨਿਰੰਕਾਰ ਨਹੀਂ ਕਿਹਾ। ਉਨ੍ਹਾਂ ਦੇ ਅਰਥ ਇੰਜ ਹਨ:

ਜੋ ਪ੍ਰਭੂ ਅਕਾਰ ਰਹਿਤ ਹੈ, ਜਿਸਦੇ ਬਰਾਬਰ ਦਾ ਹੋਰ ਕੋਈ ਨਹੀਂ ਹੈ, ਜਿਸਦੀ ਥਾਹ ਨਹੀਂ ਪਾਈ ਜਾ ਸਕਦੀ, ਜਿਸਨੂੰ ਕਿਸੇ ਦੀ ਮੁਥਾਜੀ ਨਹੀਂ, ਜਿਸਦਾ ਕੀਤਾ ਹੋਇਆ ਹੀ ਸਭ ਕੁਝ ਹੋ ਰਿਹਾ ਹੈ। ਉਸਦਾ ਨਾਮ ਅੰਮ੍ਰਿਤ ਹੈ ਭਾਵ ਉਸਦਾ ਨਾਮ ਜੀਵਾਂ ਨੂੰ ਆਤਮਿਕ ਜੀਵਨ ਦੇਣ ਵਾਲਾ ਹੈ ਪਰ ਉਸਦੀ ਪ੍ਰਾਪਤੀ ਕਿਸੇ ਗੁਰਮੁਖ ਨੂੰ ਹੀ ਹੁੰਦੀ ਹੈ। ਸਿਫ਼ਤ ਸਾਲਾਹ ਦੀ ਦਾਤ ਭਾਗਾਂ ਨਾਲ ਹੀ ਮਿਲਦੀ ਹੈ, ਜਿਸਨੂੰ ਮਿਹਰ ਕਰਕੇ ਆਪ ਪ੍ਰਭੂ ਦਿੰਦਾ ਹੈ, ਹੇ ਨਾਨਕ! ਜੋ ਮਨੁੱਖ ਗੁਰੂ ਦੇ ਹੁਕਮ ਵਿੱਚ ਤੁਰਦਾ ਹੈ ਉਸਨੂੰ ਸਿਫਤਿ ਸਲਾਹ ਦੀ ਦਾਤ ਮਿਲਦੀ ਹੈ, ਉਹ ਹਰ ਵੇਲੇ ਪ੍ਰਭੂ ਦਾ ਨਾਮ ਜਪਦਾ ਹੈ।

ਪੰਚਮ ਪਾਤਿਸ਼ਾਹ ਨੇ ਸਾਨੂੰ ਉਸੇ ਦੇ ਲੜ ਲੱਗਣ ਦਾ ਉਪਦੇਸ਼ ਦਿੱਤਾ ਹੈ ਜਿਹੜਾ:

- ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ (੨)

ਸਤਿਗੁਰ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਨੇ ਧੁਰੋਂ ਹੀ ਅਨਮੋਲ ਰਤਨਾਂ ਦੇ ਅਤੁੱਟ ਭੰਡਾਰੇ ਦਾ, ਸਰਬ ਅਧਿਕਾਰਾਂ ਦਾ ਮਾਲਕ ਭੰਡਾਰੀ ਥਾਪ ਕੇ ਸੰਸਾਰ ਵਿੱਚ ਭੇਜਿਆ ਸੀ। ਆਉ ਅਨਮੋਲ ਰਤਨਾਂ ਦੇ ਉਸ ਭੰਡਾਰੇ ਦਾ ਗਿਆਨ ਸਤਿਗੁਰਾਂ ਕੋਲੋਂ ਲਈਏ।

ਸਤਿਗੁਰੂ ਅਨਮੋਲ ਰਤਨਾਂ ਦੇ ਭੰਡਾਰੇ ਦਾ ਭੰਡਾਰੀ

- ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ਗੁਰ ਸਤਿਗੁਰ ਪਾਸੇ ਰਾਮ ਰਾਜੇ॥
ਗੁਰੁ ਸਤਿਗੁਰੁ ਸਚਾ ਸਾਹੁ ਹੈ ਸਿਖ ਦੇਇ ਹਰਿ ਰਾਸੇ॥
ਧਨੁ ਧੰਨੁ ਵਣਜਾਰਾ ਵਣਜੁ ਹੈ ਗੁਰੁ ਸਾਹੁ ਸਾਬਾਸੇ॥
ਜਨੁ ਨਾਨਕੁ ਗੁਰੁ ਤਿਨੀ ਪਾਇਆ ਜਿਨ ਧੁਰਿ ਲਿਖਤੁ ਲਿਲਾਟਿ ਲਿਖਾਸੇ॥ (੪੪੯)

- ਹਮ ਧਨਵੰਤ ਭਾਗਠ ਸਚ ਨਾਇ॥ ਹਰਿ ਗੁਣ ਗਾਵਹ ਸਹਜਿ ਸੁਭਾਇ॥ਰਹਾਉ॥
ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥
ਰਤਨ ਲਾਲ ਜਾ ਕਾ ਕਛੂ ਨ ਮੋਲੁ॥ ਭਰੇ ਭੰਡਾਰ ਅਖੂਟ ਅਤੋਲ॥
ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥ ਸੁ ਏਤੁ ਖਜਾਨੈ ਲਇਆ ਰਲਾਇ॥ (੧੮੫)

- ਸਾਗਰ ਭਗਤਿ ਭੰਡਾਰ ਹਰਿ ਪੂਰੇ ਸਤਿਗੁਰ ਪਾਸਿ॥
ਸਤਿਗੁਰੁ ਤੁਠਾ ਖੋਲਿ ਦੇਇ ਮੁਖਿ ਗੁਰਮੁਖਿ ਹਰਿ ਪਰਗਾਸਿ॥
ਮਨਮੁਖਿ ਭਾਗ ਵਿਹੂਣਿਆ ਤਿਖ ਮੁਈਆ ਕੰਧੀ ਪਾਸਿ॥ (੯੯੬)

- ਜਹ ਭੰਡਾਰੁ ਗੋਬਿੰਦ ਕਾ ਖੁਲਿਆ ਜਿਹ ਪ੍ਰਾਪਤਿ ਤਿਹ ਲਇਆ॥
ਏਕੁ ਰਤਨੁ ਮੋ ਕਉ ਗੁਰਿ ਦੀਨਾ ਮੇਰਾ ਮਨੁ ਤਨੁ ਸੀਤਲੁ ਥਿਆ॥
ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨ ਮੁਆ॥
ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ॥ (੬੧੨)

- ਗੁਰ ਪਹਿ ਸਿਫਤਿ ਭੰਡਾਰੁ ਕਰਮੀ ਪਾਈਐ॥ ਸਤਿਗੁਰ ਨਦਰਿ ਨਿਹਾਲ ਬਹੁੜਿ ਨ ਧਾਈਐ॥ (੫੧੯)

ਗੁਰੂ ਦੇ ਭੰਡਾਰੇ ਦੇ ਧਨ ਦੀਆਂ ਵਡਿਆਈਆਂ

– ਏਕੋ ਨਿਹਚਲ ਨਾਮ ਧਨੁ ਹੋਰੁ ਧਨੁ ਆਵੈ ਜਾਇ॥
ਇਸੁ ਧਨ ਕਉ ਤਸਕਰੁ ਜੋਹਿ ਨ ਸਕਈ ਨਾ ਓਚਕਾ ਲੈ ਜਾਇ॥
ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ॥
ਪੂਰੇ ਗੁਰ ਤੇ ਪਾਈਐ ਮਨਮੁਖਿ ਪਲੈ ਨ ਪਾਇ॥
ਧਨੁ ਵਾਪਾਰੀ ਨਾਨਕਾ ਜਿਨ੍ਾ ਨਾਮ ਧਨੁ ਖਟਿਆ ਆਇ॥ (੫੧੧)

– ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ॥ ਪੂਰੈ ਸਤਿਗੁਰਿ ਦੀਆ ਦਿਖਾਇ॥
ਅਪੁਨੇ ਸਤਿਗੁਰ ਕਉ ਸਦ ਬਲਿ ਜਾਈ॥ ਗੁਰ ਕਿਰਪਾ ਤੇ ਹਰਿ ਮੰਨਿ ਵਸਾਈ॥
ਸੇ ਧਨਵੰਤ ਹਰਿ ਨਾਮਿ ਲਿਵ ਲਾਇ॥
ਗੁਰਿ ਪੂਰੈ ਹਰਿ ਧਨੁ ਪਰਗਾਸਿਆ ਹਰਿ ਕਿਰਪਾ ਤੇ ਵਸੈ ਮਨਿ ਆਇ॥ (੬੬੩)

– ਇਹੁ ਧਨੁ ਸਰਬ ਰਹਿਆ ਭਰਪੂਰਿ॥ ਮਨਮੁਖ ਫਿਰਹਿ ਸਿ ਜਾਣਹਿ ਦੂਰਿ॥
ਸੋ ਧਨੁ ਵਖਰੁ ਨਾਮੁ ਰਿਦੈ ਹਮਾਰੈ॥ ਜਿਸੁ ਤੂ ਦੇਹਿ ਤਿਸੈ ਨਿਸਤਾਰੈ॥ਰਹਾਉ॥
ਨ ਇਹੁ ਧਨੁ ਜਲੈ ਨ ਤਸਕਰੁ ਲੈ ਜਾਇ॥ ਨ ਇਹੁ ਧਨੁ ਡੂਬੈ ਨ ਇਸੁ ਧਨ ਕਉ ਮਿਲੈ ਸਜਾਇ॥
ਇਸੁ ਧਨ ਕੀ ਦੇਖਹੁ ਵਡਿਆਈ॥ ਸਹਜੇ ਮਾਤੇ ਅਨਦਿਨੁ ਜਾਈ॥
ਇਕ ਬਾਤ ਅਨੂਪ ਸੁਨਹੁ ਨਰ ਭਾਈ॥ ਇਸੁ ਧਨ ਬਿਨੁ ਕਹਹੁ ਕਿਨੈ ਪਰਮ ਗਤਿ ਪਾਈ॥
ਭਣਤਿ ਨਾਨਕੁ ਅਕਥ ਕੀ ਕਥਾ ਸੁਣਾਏ॥ ਸਤਿਗੁਰੁ ਮਿਲੈ ਤ ਇਹੁ ਧਨੁ ਪਾਏ॥ (੯੯੧)

– ਇਸੁ ਜਗ ਮਹਿ ਸੰਤੀ ਧਨੁ ਖਟਿਆ ਜਿਨਾ ਸਤਿਗੁਰੁ ਮਿਲਿਆ ਪ੍ਰਭੁ ਆਇ॥
ਸਤਿਗੁਰਿ ਸਚੁ ਦ੍ਿੜਾਇਆ ਇਸੁ ਧਨ ਕੀ ਕੀਮਤਿ ਕਹੀ ਨ ਜਾਇ॥
ਇਤੁ ਧਨਿ ਪਾਇਐ ਭੁਖ ਲਥੀ ਸੁਖੁ ਵਸਿਆ ਮਨਿ ਆਇ॥ ਜਿੰਨ੍ਾ ਕਉ ਧੁਰਿ ਲਿਖਿਆ ਤਿਨੀ ਪਾਇਆ ਆਇ॥
ਮਨਮੁਖੁ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ॥ ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ॥
ਸਾਂਤਿ ਨ ਕਦੇ ਆਵਈ ਨਹ ਸੁਖੁ ਵਸੈ ਮਨਿ ਆਇ॥ ਸਦਾ ਚਿੰਤ ਚਿਤਵਦਾ ਰਹੈ ਸਹਸਾ ਕਦੇ ਨ ਜਾਇ॥
ਨਾਨਕ ਵਿਣੁ ਸਤਿਗੁਰ ਮਤਿ ਭਵੀ ਸਤਿਗੁਰ ਨੋ ਮਿਲੈ ਤਾ ਸਬਦੁ ਕਮਾਇ॥
ਸਦਾ ਸਦਾ ਸੁਖ ਮਹਿ ਰਹੈ ਸਚੇ ਮਾਹਿ ਸਮਾਇ॥ (੧੦੯੨)

– ਗੁਰਮੁਖਾ ਹਰਿ ਧਨੁ ਖਟਿਆ ਗੁਰ ਕੈ ਸਬਦਿ ਵੀਚਾਰਿ॥ ਨਾਮੁ ਪਦਾਰਥੁ ਪਾਇਆ ਅਤੁਟ ਭਰੇ ਭੰਡਾਰ॥
ਹਰਿ ਗੁਣ ਬਾਣੀ ਉਚਰਹਿ ਅੰਤੁ ਨ ਪਾਰਾਵਾਰੁ॥ ਨਾਨਕ ਸਭ ਕਾਰਣ ਕਰਤਾ ਕਰੈ ਵੇਖੈ ਸਿਰਜਨਹਾਰੁ॥(੧੪੧੪)

ਸਤਿਗੁਰਾਂ ਦੇ ਭੰਡਾਰੇ ਵਿੱਚੋਂ ਸਿਰਫ਼ ਅਜਿਹਾ ਅਨਮੋਲ ਨਾਮ ਧਨ ਹੀ ਵੰਡਿਆ ਜਾਂਦਾ ਹੈ। ਨਾਸਵੰਤ ਪਦਾਰਥ ਦੇਣ ਵਾਲੀ ਝੂਠੀ ਖੇਡ ਸਿੱਖ ਦਾ ਗੁਰੂ ਨਹੀਂ ਖੇਡਦਾ। ਨਾਮ ਧਨ ਦੀ ਪ੍ਰਾਪਤੀ ਨਾਲ ਲੋਕ ਪ੍ਰਲੋਕ ਦੋਵੇਂ ਸੰਵਰ ਜਾਂਦੇ ਹਨ ਅਤੇ ਮਨੁੱਖ ਨੂੰ ਜਿਉਣ ਮਰਨ ਦੇ ਗੇੜ ਤੋਂ ਛੁਟਕਾਰਾ ਮਿਲਦਾ ਹੈ। ਇਹ ਸਾਡੀ ਬਦਕਿਸਮਤੀ ਹੈ ਕਿ ਅਸੀਂ ਇਸ ਅਨਮੋਲ ਰਤਨਾਂ ਭਰਪੂਰ ਨਾਮ ਪਦਾਰਥ ਨੂੰ ਵਿਸਾਰ ਕੇ ਨਾਸਵੰਤ ਅਤੇ ਦੁੱਖਾਂ ਦੀ ਖਾਣ ਦੁਨਿਆਵੀ ਪਦਾਰਥਾਂ ਦੀ ਹੀ ਮੰਗ ਕਰਦੇ ਹਾਂ। ਬਿਖ ਮਾਇਆ ਨੂੰ ਗੁਰੂ ਨਾਨਕ ਦਾ ਘਰ ਵੰਡਣਾ ਹੀ ਨਹੀਂ ਜਾਣਦਾ। ਨਾਮ ਧਨ ਦੀ ਪ੍ਰਾਪਤੀ ਗੁਰੂ ਦੀ ਸਿੱਖਿਆ ਅਨੁਸਾਰ ਚੱਲਣ ਨਾਲ ਹੀ ਹੋ ਸਕਦੀ ਹੈ।

ਭੰਡਾਰੇ ਦੀ ਕੁੰਜੀ ਦਾ ਮਾਲਕ ਗੁਰੂ

- ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੂਕੈ ਫੇਰਾ॥
  ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥ (੧੨੪)

- ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥
  ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥ (੨੦੫)

- ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
  ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥ (੧੨੩੭)

ਸਤਿਗੁਰੁ ਦਾਤਾ ਹਰਿ ਨਾਮ ਕਾ

ਗੁਰੂ ਨੇ ਤਾਂ ਉਹੀ ਭੰਡਾਰਾ ਸੰਸਾਰ ਵਿੱਚ ਵਰਤਾਉਣਾ ਹੈ ਜਿਹੜਾ ਉਸ ਨੂੰ ਪ੍ਰਭੂ ਮਾਲਕ ਨੇ ਸੌਂਪਿਆ ਹੈ:

- ਤਿਸੁ ਆਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ॥ ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ॥
  ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ॥ (੪੯)

- ਗੁਰੁ ਬਿਨੁ ਦੂਜਾ ਨਾਹੀ ਥਾਉ॥ ਗੁਰੁ ਦਾਤਾ ਗੁਰੁ ਦੇਵੈ ਨਾਉ॥ (੩੮੭)

- ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ॥
  ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥
  ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ॥
  ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ੀ ਵਿਚਹੁ ਆਪੁ ਗਵਾਇਆ॥
  ਜਿਨਿ ਸਚੋ ਸਚੁ ਬੁਝਾਇਆ॥ (੪੬੫)

- ਗੁਰੁ ਦਾਤਾ ਦਾਤਾਰੁ ਹੈ ਹਉ ਮਾਗਉ ਦਾਨੁ ਗੁਰ ਪਾਸਿ॥ ਚਿਰੀ ਵਿਛੁੰਨਾ ਮੇਲਿ ਪ੍ਰਭ ਮੈ ਮਨਿ ਤਨਿ ਵਡੜੀ ਆਸ॥
  ਗੁਰ ਭਾਵੈ ਸੁਣਿ ਬੇਨਤੀ ਜਨ ਨਾਨਕ ਕੀ ਅਰਦਾਸਿ॥ (੯੯੬)

- ਹਰਿ ਪ੍ਰਭੁ ਵੇਖੈ ਸਦਾ ਹਜੂਰਿ॥ ਗੁਰ ਪਰਸਾਦਿ ਰਹਿਆ ਭਰਪੂਰਿ॥
  ਜਹਾ ਜਾਉ ਤਹ ਵੇਖਾ ਸੋਇ॥ ਗੁਰ ਬਿਨੁ ਦਾਤਾ ਅਵਰੁ ਨ ਕੋਇ॥
  ਗੁਰੁ ਸਾਗਰੁ ਪੂਰਾ ਭੰਡਾਰ॥ ਊਤਮ ਰਤਨ ਜਵਾਹਰ ਅਪਾਰ॥
  ਗੁਰ ਪਰਸਾਦੀ ਦੇਵਣਹਾਰੁ॥ ਨਾਨਕ ਬਖਸੇ ਬਖਸਣਹਾਰੁ॥ (੩੬੩)

ਗੁਰੂ ਵਿਚੋਲਾ ਅਥਵਾ ਵਕੀਲ

- ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਢੋਲੇ ਜੀਉ॥ ਮੈ ਮੇਲੇ ਮਿਤ੍ਰੁ ਸਤਿਗੁਰੁ ਵੇਚੋਲੇ ਜੀਉ॥ (੧੭੩)

- ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥ ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥
  ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ॥
  ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ॥ (੯੫੭)

- ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ॥

ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ॥ (੯੬੪)

- ਸਾਹਿ ਪਠਾਇਆ ਸਾਹੈ ਪਾਸਿ॥ ਅਮੋਲ ਰਤਨ ਅਮੋਲਾ ਰਾਸਿ॥
ਵਿਸਟੁ ਸੁਭਾਈ ਪਾਇਆ ਮੀਤ॥ ਸਉਦਾ ਮਿਲਿਆ ਨਿਹਚਲ ਚੀਤ॥ (੩੭੨)

- ਹਰਿ ਅਗਮੁ ਅਗੋਚਰੁ ਪਾਰਬ੍ਰਹਮੁ ਹੈ ਮਿਲਿ ਸਤਿਗੁਰ ਲਾਗਿ ਬਸੀਠਾ॥
ਜਿਨ ਗੁਰ ਬਚਨ ਸੁਖਾਨੇ ਹੀਅਰੈ ਤਿਨ ਆਗੈ ਆਣਿ ਪਰੀਠਾ॥ (੧੭੧)

ਗੁਰੂ ਬੋਹਿਥ

ਔਖਾ ਤਰਿਆ ਜਾਣ ਵਾਲਾ ਡਰਾਉਣੇ ਸੰਸਾਰ ਸਮੁੰਦਰ ਤੋਂ ਤਰ ਕੇ ਪਾਰ ਕਰਨ ਵਾਸਤੇ ਗੁਰੂ ਇੱਕ ਬੋਹਿਥ ਹੈ, ਇੱਕ ਜਹਾਜ਼ ਹੈ:

- ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨਾ ਪਾਰੁ॥ ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝੁ ਮਲਾਰੁ॥
ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ॥ (੫੯)

- ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ॥ (੪੦)

- ਮਾਇਆ ਮੋਹੁ ਬਿਖਮੁ ਹੈ ਭਾਰੀ॥ ਕਿਉ ਤਰੀਐ ਦੁਤਰੁ ਸੰਸਾਰੀ॥
ਸਤਿਗੁਰੁ ਬੋਹਿਥੁ ਦੇਇ ਪ੍ਰਭੁ ਸਾਚਾ ਜਪਿ ਹਰਿ ਹਰਿ ਪਾਰਿ ਲੰਘਾਵੈ ਜੀਉ॥ (੯੯੮)

- ਪਤਣਿ ਕੂਕੇ ਪਾਤਣੀ ਵੰਞਹੁ ਧ੍ਰੂਕਿ ਵਿਲਾੜਿ॥ ਪਾਰਿ ਪਵੰਦੜੇ ਡਿਠੁ ਮੈ ਸਤਿਗੁਰ ਬੋਹਿਥਿ ਚਾੜਿ॥ (੧੦੧੫)

- ਬਿਖੁ ਬੋਹਿਥਾ ਲਾਦਿਆ ਦੀਆ ਸਮੁੰਦ ਮੰਝਾਰਿ॥ ਕੰਧੀ ਦਿਸਿ ਨ ਆਵਈ ਨਾ ਉਰਵਾਰੁ ਨ ਪਾਰੁ॥
ਵੰਞੀ ਹਾਥਿ ਨ ਖੇਵਟੂ ਜਲੁ ਸਾਗਰੁ ਅਸਰਾਲੁ॥
ਬਾਬਾ ਜਗੁ ਫਾਥਾ ਮਹਾ ਜਾਲਿ॥ ਗੁਰ ਪਰਸਾਦੀ ਉਬਰੇ ਸਚਾ ਨਾਮੁ ਸਮਾਲਿ॥ਰਹਾਉ॥
ਸਤਿਗੁਰੂ ਹੈ ਬੋਹਿਥਾ ਸਬਦਿ ਲੰਘਾਵਣਹਾਰੁ॥ ਤਿਥੈ ਪਵਣੁ ਨ ਪਾਵਕੋ ਨਾ ਜਲੁ ਨਾ ਆਕਾਰੁ॥
ਤਿਥੈ ਸਚਾ ਸਚਿ ਨਾਇ ਭਵਜਲ ਤਾਰਣਹਾਰੁ॥ (੧੦੦੯)

ਗੁਰੂ ਗਿਆਨ ਦਾ ਦਾਤਾ

ਮਹਾਨਕੋਸ਼ ਵਿੱਚ ਗੁਰ ਅਥਵਾ ਗੁਰੂ ਦੇ ਅਰਥ ਵਿਸਥਾਰ ਸਹਿਤ ਲਿਖੇ ਮਿਲਦੇ ਹਨ:

੧. ਗੁੜ

੨. ਯਤਨ ਕਰਨਾ, ਉੱਦਮ ਕਰਨਾ, ਉਭਾਰਨਾ, ਉੱਚਾ ਕਰਨਾ।

੩. ਗੁਰੁ ਸ਼ਬਦ ਗ੍ਰੀ ਧਾਤ ਤੋਂ ਬਣਿਆ ਹੈ, ਇਸ ਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ। ਜੋ ਗਿਆਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤੱਤ ਗਿਆਨ ਸਮਝਾਉਂਦਾ ਹੈ, ਉਹ ਗੁਰੂ ਹੈ। ਗੁਰਬਾਣੀ ਵਿੱਚ ਗੁਰ, ਗੁਰੁ ਅਤੇ ਗੁਰੂ ਸ਼ਬਦ ਇੱਕ ਹੀ ਅਰਥ ਵਿੱਚ ਆਏ ਹਨ, ਯਥਾ, **“ਗੁਰ ਅਪਨੇ ਬਲਿਹਾਰੀ”, “ਸੁਖ ਸਾਗਰੁ ਗੁਰੁ ਪਾਇਆ”, “ਆਪਨਾ ਗੁਰੂ ਧਿਆਏ”॥**

੪. ਧਰਮ ਉਪਦੇਸ਼ਕ, ਧਾਰਮਿਕ ਸਿੱਖਿਆ ਦੇਣ ਵਾਲਾ ਆਚਾਰੀਆ।

੫. ਮਤ ਦਾ ਆਚਾਰੀਆ, ਕਿਸੇ ਮਤ ਦੇ ਚਲਾਉਣ ਵਾਲਾ, **"ਛਿਅ ਘਰ ਛਿਅ ਗੁਰ ਛਿਅ ਉਪਦੇਸ"॥**

੬. ਪਤਿ, ਭਰਤਾ – **"ਸੋਭਾਵੰਤੀ ਸੋਹਾਗਣੀ ਜਿਨਿ ਗੁਰ ਕਾ ਹੇਤ ਅਪਾਰੁ"॥**

੭. ਵ੍ਰਿਹਸਪਤਿ, ਦੇਵਗੁਰ – **"ਕਹੁ ਗੁਰ ਗਜ ਸਿਵ ਸਭ ਕੋ ਜਾਨੈ"॥**

੮. ਅੰਤਹਕਰਣ, ਮਨ – **"ਕੁੰਭੇ ਬਧਾ ਜਲ ਰਹੈ ਜਲੁ ਬਿਨੁ ਕੁੰਭ ਨ ਹੋਇ॥ ਗਿਆਨ ਕਾ ਬਧਾ ਮਨ ਰਹੈ ਗੁਰ ਬਿਨ ਗਿਆਨ ਨ ਹੋਇ"॥**

੯. ਪੂਜਯ – **"ਨਾਨਕ ਗੁਰ ਤਰ ਗੁਰ ਹੋਇਆ"॥**

੧੦. ਵੱਡਾ, ਪ੍ਰਧਾਨ – **"ਕਉਨ ਨਾਮ ਗੁਰ ਜਾ ਕੈ ਸਿਮਰੈ ਭਵਸਾਗਰ ਕਉ ਤਰਈ"॥**

ਇਨ੍ਹਾਂ ਅਰਥਾਂ ਨੂੰ ਗਹੁ ਨਾਲ ਪੜਿਆਂ ਇਹੀ ਸਿੱਧ ਹੁੰਦਾ ਹੈ ਕਿ ਗੁਰ ਪਦਾਰਥਾਂ ਦੇ ਦੇਣ ਵਾਲਾ ਨਹੀਂ ਹੁੰਦਾ ਸਗੋਂ ਲੋਕ ਸੁਖੀਆ ਪ੍ਰਲੋਕ ਸੁਹੇਲਾ ਬਣਾ ਲੈਣ ਵਾਲਾ ਆਚਰਣ ਮਨੁੱਖ ਨੂੰ ਬਖਸ਼ਦਾ ਹੈ। ਗੁਰੂ ਪ੍ਰਮਾਤਮਾ ਨਾਲ ਸਾਂਝ ਬਣਾ ਲੈਣ ਦਾ ਸਾਧਨ ਹੈ। ਗੁਰੂ ਅੰਗਦ ਦੇਵ ਜੀ ਦਾ ਸਲੋਕ ਹੈ ਕਿ ਸੈਂਕੜੇ ਚੰਦ੍ਰਮੇ ਅਤੇ ਹਜ਼ਾਰਾਂ ਸੂਰਜਾਂ ਦੀ ਰੌਸ਼ਨੀ ਵੀ ਸੰਸਾਰ ਵਿਚਲੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਨਹੀਂ ਕਰ ਸਕਦੀ। ਉਸ ਹਨੇਰੇ ਨੂੰ ਕੇਵਲ ਗੁਰੂ ਦਾ ਗਿਆਨ ਹੀ ਦੂਰ ਕਰ ਸਕਦਾ ਹੈ:

– ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥ (੪੬੩)

– ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ॥
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ॥ (੪੮੭)

– ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ॥ (੧੦੬੯)

– ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ॥
ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ॥ (੨੨੯)

– ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ॥ (੪੫੦)

– ਜਨਮ ਜਨਮ ਕੇ ਕਿਲਵਿਖ ਦੁਖ ਭਾਗੇ ਗੁਰਿ ਗਿਆਨ ਅੰਜਨੁ ਨੇਤ੍ਰ ਦੀਤ॥
ਸਾਧਸੰਗਿ ਇਨ ਦੁਖ ਤੇ ਨਿਕਸਿਓ ਨਾਨਕ ਏਕ ਪਰੀਤ॥ (੬੭੩)

– ਅੰਦਰਿ ਪਰਗਾਸੁ ਗੁਰੂ ਤੇ ਪਾਏ॥ ਨਾਮੁ ਪਦਾਰਥੁ ਮੰਨਿ ਵਸਾਏ॥
ਗਿਆਨ ਰਤਨੁ ਸਦਾ ਘਟਿ ਚਾਨਣੁ ਅਗਿਆਨ ਅੰਧੇਰੁ ਗਵਾਇਦਾ॥ (੧੦੬੩)

– ਗੁਰ ਤੇ ਗਿਆਨੁ ਨਾਮ ਰਤਨੁ ਪਾਇਆ॥ ਮਨਸਾ ਮਾਰਿ ਮਨ ਮਾਹਿ ਸਮਾਇਆ॥ (੧੦੪੪)

– ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ॥ ਸਚ ਬਿਨੁ ਸਾਖੀ ਮੂਲੋ ਨ ਬਾਕੀ॥ (੧੪੧੨)

ਗੁਰੂ ਮਨੁੱਖ ਤੋਂ ਦੇਵਤਾ ਬਣਾਉਂਦਾ ਹੈ

ਇਹ ਸਿੱਧ ਹੈ ਕਿ ਦੇਵਤਿਆਂ ਦੀ ਕਿਸੇ ਅੱਡਰੀ ਹੋਂਦ ਵਾਲੀ ਦੁਨੀਆਂ ਜਾਂ ਦੇਵਤਾ ਜੂਨੀ ਨੂੰ ਗੁਰਮਤਿ ਨਹੀਂ ਮੰਨਦੀ। ਸੱਚੇ ਆਚਾਰ ਦਾ ਮਾਲਕ, ਸਰਬੱਤ ਦੇ ਭਲੇ ਦੀ ਸੋਚ ਵਾਲਾ, ਪ੍ਰਭੂ ਦਾ ਪਿਆਰਾ, ਪਰਉਪਕਾਰੀ ਸੂਰਮਾ, ਖਿਮਾ ਧੀਰਜ ਅਤੇ ਨਿਮਰਤਾ ਦਾ ਪੁਤਲਾ ਮਨੁੱਖ ਦੇਵਤਾ ਮੰਨਿਆ ਜਾ ਸਕਦਾ ਹੈ। ਰੱਬ ਤੋਂ ਟੁੱਟਾ ਹੋਇਆ, ਪਸ਼ੂ ਬਿਰਤੀ ਵਾਲਾ, ਆਚਰਣਹੀਣ, ਜੀਵਾਂ ਦੇ ਹਿਰਦੇ ਨੂੰ ਦੁੱਖੀ ਕਰਨ ਵਾਲਾ ਨਿਰਦਈ, ਅੱਠੇ ਪਹਿਰ ਬਦੀਆਂ ਦਾ ਵਿਚਾਰ ਵਾਲਾ ਮਨੁੱਖ ਰਾਖਸ਼ ਹੈ, ਪਸ਼ੂ ਹੈ, ਪ੍ਰੇਤ ਅਥਵਾ ਸ਼ੈਤਾਨ ਹੈ। ਪੂਰਾ ਸਤਿਗੁਰੂ ਇਨ੍ਹਾਂ ਦੋਹਾਂ ਸ਼੍ਰੇਣੀਆਂ ਦੇ ਵਿਚਕਾਰਲੇ ਮਨੁੱਖਾਂ ਨੂੰ ਦੇਵਤੇ ਬਣਾਉਂਦਾ ਹੈ। ਸਾਰੀਆਂ ਜੂਨਾਂ ਵਿੱਚੋਂ ਕੇਵਲ ਮਨੁੱਖਾ ਸਰੀਰ ਦਾ ਮਿਲਣਾ ਹੀ ਇੱਕ ਅਜਿਹਾ ਅਵਸਰ ਹੈ ਜਿੱਥੇ ਜੀਵ ਗੁਰੂ ਦੀ ਸਿੱਖਿਆ ਲੈ ਕੇ ਪ੍ਰਭੂ ਨਾਲ ਸਾਂਝ ਬਣਾ ਸਕਦਾ ਹੈ। ਗੁਰਬਾਣੀ ਦਾ ਫੁਰਮਾਨ ਹੈ:

– ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥ (੧੧੫੯)

ਚੰਗੇ ਭਾਗਾਂ ਨਾਲ ਸਾਨੂੰ ਮਨੁੱਖਾ ਜਨਮ ਮਿਲਿਆ ਸੀ ਪਰ ਅਸਾਂ:

– ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥ (੧੫੬)

– ਅਉਗਣੀ ਭਰਿਆ ਸਰੀਰੁ ਹੈ ਕਿਉ ਸੰਤਹੁ ਨਿਰਮਲੁ ਹੋਇ॥ (੩੧੧)

ਅਕਾਲ ਪੁਰਖ ਨੇ ਮਨੁੱਖ ਦੀ ਨਿੱਘਰਦੀ ਜਾ ਰਹੀ ਹਾਲਤ ਤੇ ਤਰਸ ਖਾ ਕੇ ਆਪਣੇ ਨਿੱਜ ਸਰੂਪ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਭੇਜਿਆ ਜਿਨ੍ਹਾਂ ਮਨੁੱਖ ਨੂੰ ਇਸ ਦੇਹ ਦੀ ਕਦਰ ਕੀਮਤ ਸਮਝਦਾ ਕੇ ਇਸ ਅਨਮੋਲ ਸਮੇਂ ਨੂੰ ਵਿਅਰਥ ਗੁਆ ਲੈਣ ਤੋਂ ਰੋਕਿਆ। ਗੁਰੂ ਨਾਨਕ ਦੇਵ ਜੀ ਨੇ ਮਨੁੱਖਾਂ ਨੂੰ ਸੁੱਚ ਆਚਾਰ ਦਾ ਮਾਲਕ ਬਣਾ ਕੇ ਨਿਰਮਲ ਅਥਵਾ ਖ਼ਾਲਸ ਕਰ ਦਿੱਤਾ, ਦੇਵਤੇ ਬਣਾ ਦਿੱਤਾ:

– ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ (੪੬੨)

– ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ॥ ਮਾਣਸ ਤੇ ਦੇਵਤੇ ਭਏ ਧਿਆਇਆ ਨਾਮੁ ਹਰੇ॥ (੯੦)

– ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ॥
ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ॥ (੧੩੨੯)

– ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ॥
ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ॥ (੮੭੩)

– ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ॥ ਮਾਨਸ ਤੇ ਦੇਵਤੇ ਭਏ ਸਚੀ ਭਗਤਿ ਜਿਸੁ ਦੇਇ॥ (੮੫੦)

ਸੰਸਾਰਕ ਪਦਾਰਥਾਂ ਦਾ ਭੰਡਾਰ

ਗੁਰੂ ਨਾਨਕ ਦੇਵ ਜੀ ਦੇ ਘਰ ਵਿੱਚ ਸੰਸਾਰਕ ਪਦਾਰਥਾਂ ਦਾ ਵੀ ਅਮੁੱਕ ਖ਼ਜ਼ਾਨਾ ਸੀ ਪਰ ਮਨੁੱਖ ਨੂੰ ਮੰਗਣ ਦੀ ਆਦਤ ਤੋਂ ਵਰਜ ਕੇ ਉਸਨੂੰ ਕਰਮ ਯੋਗੀ ਬਣਾਉਣ ਆਏ ਸਤਿਗੁਰੂ ਦੀ ਕਿਰਪਾ ਨਾਲ ਮਨੁੱਖ ਨੂੰ ਅਜਿਹਾ ਪਦਾਰਥ ਮਿਲ ਗਿਆ ਸੀ ਜਿਸ ਨੇ ਹੋਰ ਸਾਰੇ ਪਦਾਰਥਾਂ ਦੀ ਲੋੜ ਅਥਵਾ ਤ੍ਰਿਸ਼ਨਾ ਹੀ ਮੁਕਾ ਦਿੱਤੀ ਸੀ:

– ਸਤਿਗੁਰ ਕੈ ਵਸਿ ਚਾਰਿ ਪਦਾਰਥ॥ ਤੀਨਿ ਸਮਾਏ ਏਕ ਕ੍ਰਿਤਾਰਥ॥ (੧੩੪੫)

ਬ੍ਰਾਹਮਣੀ ਸੋਚ ਦੀ ਉਪਜ "ਚਾਰ ਪਦਾਰਥ" ਬਾਰੇ ਜਾਣਕਾਰੀ ਹਾਸਲ ਕਰੀਏ:

ਧਰਮ

ਮਹਾਨਕੋਸ਼ ਵਿੱਚ ਧਰਮ ਦੇ ਅਰਥ ਇਸ ਤਰ੍ਹਾਂ ਮਿਲਦੇ ਹਨ:

੧. ਜੋ ਸੰਸਾਰ ਨੂੰ ਧਾਰਨ ਕਰਦਾ ਹੈ, ਉਹ ਪਵਿੱਤਰ ਨਿਯਮ ਜੋ ਸੰਸਾਰ ਦਾ ਆਧਾਰ ਹੈ, **"ਸਭ ਕੁਲ ਉਧਾਰੀ ਇਕ ਨਾਮ ਧਰਮ॥"**

੨. ਸ਼ੁਭ ਕਰਮ - **"ਨਹਿ ਬਿਲੰਭ ਧਰਮੰ ਬਿਲੰਭ ਪਾਪੰ॥", "ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ॥"** ਸਾਧੂ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸੰਗਤ ਤੋਂ ਜੋ ਦ੍ਰਿੜ੍ਹ ਕਰਦਾ ਹੈ ਉਹ ਸਭ ਧਰਮ ਹੈ। ਇਹ ਧਰਮ ਇੱਕ ਪਵਿੱਤਰ ਅਸੂਲ ਹੈ ਜੋ ਮਨੁੱਖਤਾ ਦੇ ਸ਼ੁਭ ਗੁਣਾਂ ਦੀ ਰਾਖੀ ਕਰਨ ਵਾਲਾ ਵੀ ਮੰਨਿਆ ਗਿਆ ਹੈ।

੩. ਮਜ਼ਹਬ, ਦੀਨ - **"ਸੰਤ ਕਾ ਮਾਰਗ ਧਰਮ ਕੀ ਪਉੜੀ"**

੪. ਪੁੰਨ ਰੂਪ - ਇਹ ਸਰੀਰੁ ਸਭੁ ਧਰਮ ਹੈ ਜਿਸ ਅੰਦਰਿ ਸਚੇ ਕੀ ਵਿਚਿ ਜੋਤਿ॥

੫. ਰਿਵਾਜ, ਰਸਮ

੬. ਫ਼ਰਜ਼

੭. ਨਿਆਇ, ਇਨਸਾਫ਼

੮. ਪ੍ਰਕ੍ਰਿਤਕ ਸੁਭਾਅ

ਅਰਥ

ਸੰਸਾਰ ਦੀ ਸਾਰੀ ਨਾਸਵੰਤ ਮਾਇਆ, ਧਨ ਦੌਲਤ, ਹੀਰੇ, ਮੋਤੀ, ਭੋਇੰ, ਇਸਤਰੀ, ਧੀਆਂ, ਪੁੱਤਰ ਸਭ ਅਰਥ ਹੈ।

ਕਾਮ

ਕਾਮਣਾ, ਕਾਮਵਾਸ਼ਨਾ, ਇਨ੍ਹਾਂ ਦਾ ਪੂਰਾ ਹੋ ਜਾਣਾ ਬੜਾ ਵੱਡਾ ਪਦਾਰਥ ਮੰਨਿਆ ਗਿਆ ਹੈ।

ਮੋਖ

ਮਰਨ ਉਪਰੰਤ ਮਿਲਣ ਵਾਲੀ ਕਥਿਤ ਮੁਕਤੀ। **"ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥ ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥"**

ਇਨ੍ਹਾਂ ਚੋਹਾਂ ਪਦਾਰਥਾਂ ਦੇ ਅੱਡ-ਅੱਡ ਨਾਮ ਹਜ਼ੂਰ ਨੇ ਇਸ ਸ਼ਬਦ ਵਿੱਚ ਲਿਖੇ ਹਨ:

- ਮੇਰੇ ਮਨ ਜਪਿ ਹਰਿ ਗੁਨ ਅਕਥ ਸੁਨਥਈ॥
ਧਰਮੁ ਅਰਥੁ ਸਭੁ ਕਾਮੁ ਮੋਖੁ ਹੈ ਜਨ ਪੀਛੈ ਲਗਿ ਫਿਰਥਈ ॥ (੧੩੨੦)

- ਚਾਰਿ ਪਦਾਰਥ ਕਹੈ ਸਭੁ ਕੋਈ॥ ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ॥
ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ॥ ਮੁਕਤਿ ਪਦਾਰਥੁ ਭਗਤਿ ਹਰਿ ਪਾਇਆ॥ (੧੫੪)

- ਚਤੁਰ ਸਿਆਣਾ ਸੁਘੜੁ ਸੋਇ ਜਿਨਿ ਤਜਿਆ ਅਭਿਮਾਨੁ॥
ਚਾਰਿ ਪਦਾਰਥ ਅਸਟ ਸਿਧਿ ਭਜੁ ਨਾਨਕ ਹਰਿ ਨਾਮੁ॥ (੨੯੭)

- ਚਾਰਿ ਪਦਾਰਥ ਅਸਟ ਦਸਾ ਸਿਧਿ॥ ਨਾਮੁ ਨਿਧਾਨੁ ਸਹਜ ਸੁਖ ਨਉ ਨਿਧਿ॥

ਸਰਬ ਕਲਿਆਣ ਜੇ ਮਨ ਮਹਿ ਚਾਹਹਿ ਮਿਲਿ ਸਾਧੂ ਸੁਆਮੀ ਰਾਵਣਾ॥ (੧੦੮੬)

– ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥ (੨੬੬)

ਗੁਰੂ ਮਾਤਾ ਪਿਤਾ ਹੈ ਪੂਜਾ ਕਰਾਉਣ ਵਾਲਾ ਦੇਵਤਾ ਨਹੀਂ ਹੈ

ਕੁਝ ਵਿਰਲਿਆਂ ਨੂੰ ਛੱਡ ਕੇ ਲਗਪਗ ਸਾਰੇ ਗੁਰੂਘਰਾਂ ਦੇ ਗ੍ਰੰਥੀਆਂ ਨੂੰ ਇਹ ਚਿੰਤਾ ਲੱਗੀ ਹੁੰਦੀ ਹੈ ਕਿ ਕਿਸੇ ਮੁੱਖਵਾਕ ਨਾਲ ਸ਼ਰਧਾਲੂਆਂ ਦਾ ਦਿਲ ਨਾ ਦੁਖੇ। ਢੁਕਵੇਂ ਵਾਕ ਦੀ ਪਹਿਲਾਂ ਹੀ ਚੋਣ ਕਰ ਲਈ ਜਾਂਦੀ ਹੈ। ਆਪਣੀ ਬੁੱਧੀ ਨਾਲ ਚੁਣਿਆ ਵਾਕ ਪੜ੍ਹ ਕੇ ਸ਼ਰਧਾਲੂ ਨੂੰ ਦੱਸਿਆ ਜਾਂਦਾ ਹੈ ਕਿ ਗੁਰੂ ਮਹਾਰਾਜ ਨੇ ਆਪਣੇ ਸਿੱਖ ਦਾ ਦਿੱਤਾ ਦਾਨ, ਲੰਗਰ, ਕਰਾਇਆ ਪਾਠ ਅਤੇ ਸ਼ਰਧਾਲੂ ਦੀ ਸੇਵਾ ਸਤਿਗੁਰਾਂ ਕਬੂਲ ਕਰਕੇ ਵਾਕ ਦੁਆਰਾ ਵੱਡਾ ਵਰ ਦਿੱਤਾ ਹੈ ਤੇ ਤਸੱਲੀ ਕਰਾਈ ਜਾ ਰਹੀ ਹੁੰਦੀ ਹੈ ਕਿ ਸਤਿਗੁਰਾਂ ਨੇ ਸਾਰੀਆਂ ਮੁਰਾਦਾਂ ਪੂਰੀਆਂ ਕਰਨ ਦਾ ਬਚਨ ਬੋਲਿਆ ਹੈ। ਦਸਾਂ ਗੁਰਾਂ ਦੀ ਜੋਤ, ਗਿਆਨ ਦੇ ਦਾਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵਰ ਅਥਵਾ ਸਰਾਪ ਦੇਣ ਵਾਲਾ, ਤਾਮਸੀ ਤਪੱਸਵੀ ਰਿਸ਼ੀ ਅਥਵਾ ਦੇਵੀ ਦੇਵਤਾ ਸਿੱਧ ਕੀਤਾ ਜਾ ਰਿਹਾ ਹੁੰਦਾ ਹੈ।

ਕਿਸੇ ਮਾਤਾ ਪਿਤਾ ਨੇ ਵੀ ਆਪਣਿਆਂ ਬੱਚਿਆਂ ਨਾਲ ਕਦੇ ਕੋਈ ਵਿਤਕਰਾ ਕੀਤਾ ਹੈ? ਅਰਦਾਸ ਦੀ ਆਰੰਭਤਾ ਵੇਲੇ ਇਹ ਸ਼ਬਦ ਪੜ੍ਹਿਆ ਜਾਂਦਾ ਹੈ।

– ਤੂ ਠਾਕੁਰੁ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥ (੨੬੮)

ਜਿਸ ਗੁਰੂ ਪਰਮੇਸ਼ਰ ਨੂੰ ਸਾਰੀ ਸੰਗਤ ਨੇ ਰਲ ਕੇ ਮਾਤਾ ਪਿਤਾ ਕਿਹਾ, ਜਿਸ ਨੂੰ ਇਹ ਵੀ ਆਪ ਹੀ ਆਖਿਆ ਕਿ ਹੇ ਸਚੇ ਪਾਤਿਸ਼ਾਹ! ਤੇਰੀ ਕਿਰਪਾ ਨਾਲ ਸਾਨੂੰ ਬੜੇ ਸੁੱਖ ਮਿਲੇ ਹੋਏ ਹਨ, ਅਗਲੇ ਪਲ ਹੀ ਉਸ ਗੁਰੂ ਅੱਗੇ ਮੰਗਾਂ ਦੀ ਲਿਸਟ ਪੜ੍ਹੀ ਜਾ ਰਹੀ ਹੁੰਦੀ ਹੈ ਅਤੇ ਉਸਦਾ ਮੁਖਵਾਕ ਪੜ੍ਹਕੇ ਉਸਨੂੰ ਉਚੇਚੇ ਵਰ ਸਰਾਪ ਦੇਣ ਵਾਲਾ ਕਿਹਾ ਜਾ ਰਿਹਾ ਹੁੰਦਾ ਹੈ। ਜ਼ਰਾ ਗਹੁ ਨਾਲ ਵਿਚਾਰੀਏ ਕਿ ਗੁਰੂ ਨੂੰ ਆਪਣੇ ਸਿੱਖ ਨਾਲ ਕਿਸ ਤਰ੍ਹਾਂ ਦਾ ਡੂੰਘਾ ਸਨੇਹ ਹੈ, ਅੰਦਰ ਝਾਤੀ ਮਾਰੀਏ ਕਿ ਕੀ ਅਜਿਹੇ ਗੁਰੂ ਤੋਂ ਬੇਮੁੱਖ ਹੋ ਕੇ ਆਪ-ਹੁਦਰੀਆਂ ਕਰਨੀਆਂ ਠੀਕ ਹਨ?

– ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ॥
ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ॥
ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ॥
ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ॥
ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ॥ਰਹਾਉ॥
ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ॥
ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ॥
ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰੁ ਸਿਖ ਰਖੈ ਜੀਅ ਨਾਲੀ॥ (੧੬੮)

ਆਪਣੇ ਸਿੱਖ ਨਾਲ ਪਿਆਰ ਕਰਨ ਦਾ ਕਾਰਨ ਇਸ਼ਾਰੇ ਮਾਤ੍ਰ ਦੱਸ ਦਿੱਤਾ ਸੀ ਪਰ ਅਗਲੇ ਸ਼ਬਦ ਵਿੱਚ ਖੋਲ੍ਹ ਕੇ ਫੁਰਮਾਨ ਕਰਦੇ ਹਨ ਕਿ ਸਿੱਖ ਉਹੀ ਪਿਆਰਾ ਅਤੇ ਧੰਨ ਹੈ ਜਿਸ ਨੇ ਸਤਿਗੁਰਾਂ ਦਾ ਉਪਦੇਸ਼ ਹਿਰਦੇ ਵਿੱਚ ਵਸਾ ਕੇ ਉਸ ਅਨੁਸਾਰ ਆਪਣੀ ਜੀਵਨ ਜੁਗਤ ਸੁਆਰ ਲਈ:

– ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ॥
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹੰਉਮੈ ਦੁਬਿਧਾ ਭੰਨੀ॥
ਬਿਨੁ ਹਰਿ ਨਾਵੈ ਕੋ ਮਿਤ੍ਰੁ ਨਾਹੀ ਵੀਚਾਰਿ ਡਿਠਾ ਹਰਿ ਜੰਨੀ॥
ਜਿਨਾ ਗੁਰਸਿਖਾ ਕਉ ਹਰਿ ਸੰਤੁਸਟੁ ਹੈ ਤਿਨੀ ਸਤਿਗੁਰ ਕੀ ਗਲ ਮੰਨੀ॥

ਜੋ ਗੁਰਮੁਖਿ ਨਾਮੁ ਧਿਆਇਦੇ ਤਿਨੀ ਚੜੀ ਚਵਗਣਿ ਵੰਨੀ॥ (੫੯੦)

– ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ॥
ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥ (੫੯੩)

ਅਸੀਂ ਸਿਰਫ਼ ਗੁਰਦੁਆਰੇ ਬਣਾ ਕੇ ਜਾਂ ਲੰਗਰ ਕਰਾ ਕੇ ਜਾਂ ਅਖੰਡ ਪਾਠ ਕਰਾ ਕੇ ਜਾਂ ਕੋਈ ਹੋਰ ਦਾਨ ਪੁੰਨ ਕਰਕੇ ਆਪਣੇ ਆਪ ਨੂੰ ਪੱਕੇ ਗੁਰਸਿੱਖ ਸਮਝਣ ਲੱਗ ਪੈਂਦੇ ਹਾਂ, ਪਰ ਗੁਰਦੇਵ ਨੇ ਸਿਰਫ਼ ਉਸ ਸਿੱਖ ਨੂੰ ਹੀ ਪਿਆਰ ਕੀਤਾ ਅਤੇ ਧੰਨ ਕਿਹਾ ਹੈ ਜਿਸਨੇ ਗੁਰੂ ਦੀ ਸਿੱਖਿਆ ਸੁਣ ਕੇ ਆਪਣੀ ਜੀਵਨ ਜੁਗਤ ਸੁਆਰ ਲਈ ਅਥਵਾ ਜਿਸ ਨੇ ਪ੍ਰਭੂ ਨੂੰ ਹਿਰਦੇ ਵਿੱਚ ਵਸਾ ਲਿਆ।

– ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ॥
ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ॥
ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ॥
ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥
ਧਨੁ ਧਨੁ ਸਤਿਗੁਰੂ ਮਿਤ੍ਰ ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ॥ (੫੯੪)